Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਜਲਸਾ ਸਲਾਨਾ ਯੂ.ਕੇ 2023 ਬਾਰੇ ਰੱਬੀ ਮਿਹਰਾਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖ਼ਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 04 ਅਗਸਤ 2023 ਮਸਜਿਦ ਬੈਅਤੁਲੱ ਫ਼ੁਤੂਹ, ਮਾਰਡਨ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ

ਰਬੱ ਦੀ ਮਿਹਰ ਸਦਕੇ ਪਿਛੱਲੇ ਸ਼ੁਕੱਰਵਾਰ ਤੋਂ ਐਤਵਾਰ ਤਕੱ ਜਮਾਅਤੇ ਅਹਮਦੀਆ ਯੂ.ਕੇ ਦਾ ਜਲਸਾ ਸਲਾਨਾ ਕਾਮਯਾਬੀ ਨਾਲ ਆਯੋਜਿਤ ਹੋਇਆ। ਇਸ ਸਾਲ ਹਾਜ਼ਰੀ ਵੀ ਪਿਛੱਲੇ ਸਾਲ ਤੋਂ ਬਹੁਤ ਵਧੱ ਸੀ। ਇਸ ਉੱਤੇ ਅਸੀਂ ਰਬੱ ਦਾ ਜਿਨਾਂ ਵੀ ਧੰਨਵਾਦ ਕਰੀਏ, ਉਹ ਘਟੱ ਹੈ। ਰਬੱ ਦੀ ਕਿਰਪਾ ਹੈ ਕਿ ਉਸ ਨੇ ਸਾਡੇ ਜਲਸੇ ਨੂੰ ਬੇਅੰਤ ਬਰਕਤਾਂ ਨਾਲ ਭਰ ਦਿੱਤਾ।

ਅਸੀਂ ਤਾਂ ਕਮਜ਼ੋਰ ਆ ਅਤੇ ਸਾਡੇ ਸਾਰੇ ਕੰਮ ਰਬੱ ਦੀ ਮਿਹਰ ਨਾਲ ਹੁੰਦੇ ਹਨ। ਜਮਾਅਤੇ ਅਹਮਦੀਆ ਤਾਂ ਪ੍ਰਤੀ ਦਿਨ ਇਸ ਮਿਹਰ ਨੂੰ ਵੇਖਦੀ ਹੈ। ਸੋ, ਧੰਨਵਾਦੀ ਹੋਣਾ ਸਾਡਾ ਕੰਮ ਹੈ। ਰਬੱ ਦੀਆਂ ਮਿਹਰਾਂ ਉੱਤੇ ਉਸ ਅੱਗੇ ਸੀਸ ਨਿਵਾਉਣਾ ਸਾਡਾ ਕਰਤੱਵ ਹੈ। ਜਦੱ ਤਕੱ ਅਸੀਂ ਆਪਣੇ ਇਸ ਕਰਤੱਵ ਨੂੰ ਪੂਰਨ ਕਰਦੇ ਰਹਾਂਗੇ। ਸਾਡੇ ਕਦਮ ਇੰਸ਼ਾ-ਅੱਲਾਹ ਅੱਗੇ ਵਧੱਦੇ ਰਹਿਣਗੇ। ਸੋ, ਪ੍ਰਬੰਧਕਾਂ ਅਤੇ ਸਰੋਤੀਆਂ ਸਭ ਨੂੰ ਰਬੱ ਦਾ ਧੰਨਵਾਦੀ ਹੋਣਾ ਚਾਹੀਦਾ ਹੈ।

ਹੁਣ ਮੈਂ ਸੇਵਾਦਾਰਾਂ ਦਾ ਵੀ ਧੰਨਵਾਦ ਕਰਨਾ ਚਾਹੁੰਣਾ। ਸਭ ਸੇਵਾਦਾਰਾਂ ਨੇ ਸੁਚਾਰੂ ਢੰਗ ਨਾਲ ਆਪਣੇ ਕਰਤੱਵ ਪੂਰਨ ਕੀਤੇ ਹਨ। ਮੁਸਕਰਾਉਂਦੇ ਹੋਏ ਗ਼ੈਰ ਮਾਮੂਲੀ ਤੌਰ ਉੱਤੇ ਆਪਣੇ ਕਰਤੱਵ ਪੂਰਨ ਕੀਤੇ ਹਨ। ਖਾਣੇ ਦੇ ਪ੍ਰਬੰਧ ਵਿਚੱ ਔਰਤਾਂ ਵਲੱੋਂ ਜੋ ਕਮੀ ਰਹਿ ਜਾਂਦੀ ਸੀ। ਉਹ ਵੀ ਇਸ ਵਾਰ ਨ ਹੋਣ ਦੇ ਬਰਾਬਰ ਸੀ। ਇੰਞ ਹੀ ਟਰੈਫ਼ਿਕ, ਖਾਣਾ ਪਕਵਾਈ, ਰੋਟੀ ਪਲਾਂਟ, ਹਿਫ਼ਾਜ਼ਤ, ਸਫ਼ਾਈ ਅਤੇ ਸਭ ਤੋਂ ਵਧੱ ਐਮ.ਟੀ.ਏ ਹੈ, ਜਿਸ ਨੇ ਇਸ ਵਾਰ ਨਵੇਂ ਢੰਗ ਨਾਲ ਸਾਰੇ ਸੰਸਾਰ ਨੂੰ ਜਲਸੇ ਨਾਲ ਜੋੜ ਦਿੱਤਾ ਸਾਰੇ ਵਿਭਾਗ ਜਿਨ੍ਹਾਂ ਦਾ ਮੈਂ ਨਾਂ ਲਿਆ ਹੈ ਜਾਂ ਨਾਂ ਨਹੀਂ ਲਿਆ। ਸਭ ਦਾ ਮੈਂ ਧੰਨਵਾਦੀ ਹਾਂ।

ਗ਼ੈਰ ਜੋ ਬਾਹਰੋਂ ਆਏ ਸਨ, ਉਨ੍ਹਾਂ ਨੇ ਜਲਸੇ ਬਾਰੇ ਜੋ ਵਿਚਾਰ ਪ੍ਰਕਟ ਕੀਤੇ ਹਨ। ਉਨ੍ਹਾਂ ਵਿੱਚੋਂ ਕੁਝੱ ਪੇਸ਼ ਕਰਾਂਗਾ।

ਬਰਕੀਨਾ ਫ਼ਾਸੋ ਦੇ ਅੱਖਾਂ ਦੇ ਪ੍ਰਸਿਧ ਮਾਹਿਰ ਨੇ ਕਿਹਾ ਕਿ ਹਜ਼ਾਰਾਂ ਲੋਕ ਇਕੱ ਸਾਂਝੇ ਉਦੇਸ਼ ਹੇਤੁ ਇਕੱ ਥਾਂ, ਇਕੱ ਧਾਰਮਿਕ ਆਗੂ ਕੋਲ੍ਹ ਜਮ੍ਹਾ ਹਨ। ਇਹਨਾਂ ਸੁਚਾਰੂ ਅਤੇ ਸ਼ਾਨਦਾਰ ਪ੍ਰਬੰਧ ਮੈਨੂੰ ਹੈਰਾਨ ਕਰਨ ਵਾਲਾ ਹੈ।

ਅਮਰੀਕਾ ਦੇ ਕਾਨੂੰਨ ਦੇ ਪ੍ਰਸਿਧ ਪ੍ਰੋਫ਼ੈਸਰ ਹਨ। ਉਨ੍ਹਾਂ ਨੇ ਕਿਹਾ ਕਿ ਮੈਂ ਸੰਸਾਰ ਭਰ ਵਿਚੱ ਅਜਿਹੇ ਆਯੋਜਨਾਂ ਦਾ ਆਪ ਵੀ ਪ੍ਰਬੰਧ ਕਰਦਾ ਹਾਂ। ਜਿੱਥੇ ਰਜਿਸਟਰੈਸ਼ਨ ਦੀ ਕਾਰਵਾਈ ਵੀ ਹੁੰਦੀ ਹੈ ਪਰ ਜਲਸਾ ਸਲਾਨਾ ਉੱਤੇ ਜਿਸ ਸੁਚਾਰੂ ਢੰਗ ਨਾਲ ਰਜਿਸਟਰੈਸ਼ਨ ਦਾ ਕੰਮ ਹੋ ਰਿਹਾ ਸੀ। ਉਹ ਹੈਰਾਨ ਕਰਨ ਵਾਲਾ ਦ੍ਰਿਸ਼ ਸੀ।

ਬੈਲੀਜ਼ ਦੇ ਇਕੱ ਸ਼ਹਿਰ ਦੇ ਮੈਅਰ ਆਏ ਹੋਏ ਸਨ। ਉਹ ਕਹਿੰਦੇ ਹਨ ਕਿ ਮੈਂ ਆਪਣੇ ਜੀਵਨ ਵਿਚੱ ਕਦੇ ਅਜਿਹੇ ਅਮਨ ਭਰਪੂਰ ਲੋਕ ਨਹੀਂ ਵੇਖੇ। ਮੈਂ ਜੋ ਅਧਿਆਤਮਿਕ ਅਤੇ ਭਾਈਚਾਰੇ ਦਾ ਮਾਹੌਲ ਇੱਥੇ ਵੇਖਿਆ ਹੈ। ਉਹ ਮੈਨੂੰ ਹੈਰਾਨ ਕਰਨ ਵਾਲਾ ਹੈ।

ਇੰਡੋਨੈਸ਼ੀਆ ਦੇ ਧਾਰਮਿਕ ਮਾਮਲਿਆਂ ਦੇ ਪੂਰਵ ਵਜ਼ੀਰ ਕਹਿੰਦੇ ਹਨ ਕਿ ਆਪ ਦਾ ਨਾਅਰਾ "ਮੁਹਬਤੱ ਸਭ ਨਾਲ ਨਫ਼ਰਤ ਕਿਸੇ ਤੋਂ ਨਹੀਂ" ਏਅਰਪੋਰਟ ਤੋਂ ਲੈ ਕੇ ਪੂਰੇ ਜਲਸੇ ਵਿਚੱ ਮੈਂ ਵੇਖਦਾ ਰਿਹਾ

ਗ਼ੈਮਬੀਆ ਦੇ ਸੂਚਨਾ ਵਿਭਾਗ ਦੇ ਵਜ਼ੀਰ ਜਲਸੇ ਵਿਚੱ ਸ਼ਾਮਿਲ ਹੋਏ। ਉਹ ਕਹਿੰਦੇ ਹਨ ਕਿ ਮੈਂ ਜਲਸਾ ਸਲਾਨਾ ਦੇ ਸਾਰੇ ਪ੍ਰਬੰਧਾਂ ਨਾਲ ਬਹੁਤ ਪ੍ਰਭਾਵਿਤ ਹੋਇਆ। ਅਜਿਹੇ ਵੱਡੇ ਇਕਠੱ ਵਿਚੱ ਲੜ੍ਹਾਈ ਝਗੱੜ੍ਹੇ ਦਾ ਇਕੱ ਵੀ ਹਾਦਸਾ ਵੇਖਣ ਨੂੰ ਨਹੀਂ ਆਇਆ। ਇਕੱ ਹੋਰ ਗਲੱ ਜਿਸ ਦਾ ਮੈਨੂੰ ਅਭਾਸ ਹੋਇਆ ਉਹ ਅਹਮਦੀਆਂ ਦਾ ਆਪਣੇ ਈਮਾਮ ਨਾਲ ਪ੍ਰੇਮ ਦਾ ਸੰਬੰਧ ਹੈ। ਇਸ ਦੀ ਸੰਸਾਰ ਭਰ ਵਿਚੱ ਮਿਸਾਲ ਨਹੀਂ ਮਿਲਦੀ।

ਬਰਾਜ਼ੀਲ ਤੋਂ ਆਏ ਨੁਮਾਇੰਦੇ ਨੇ ਕਿਹਾ ਕਿ 118 ਦੇਸ਼ਾਂ ਤੋਂ ਆਏ ਲੋਕਾਂ ਦਾ ਭਾਈਚਾਰੇ ਨਾਲ ਇਕੱਠੇ ਰਹਿਣਾ ਕਿਸੇ ਹੋਰ ਦੇ ਵਸ ਦੀ ਗਲੱ ਨਹੀਂ। ਸਭ ਲੋਕਾਂ ਦਾ ਆਪਸ ਵਿਚੱ ਇੰਝ ਆਚਰਣ, ਹਮਦਰਦੀ, ਖ਼ੁਸ਼ ਦਿਲੀ ਅਤੇ ਇਜ਼ਤੱ ਨਾਲ ਮਿਲਣਾ ਮੈਨੂੰ ਬਹੁਤ ਚੰਗਾ ਲਗਿੱਆ। ਮਹਿਮਾਨਾਂ ਲਈ ਟ੍ਰਾਂਸਪੋਰਟ ਦਾ ਬਹੁਤ ਚੰਗਾ ਪ੍ਰਬੰਧ ਸੀ।

ਸਪੈਨ ਤੋਂ ਆਏ ਇਕੱ ਸਾਹਿਬ ਜੋ ਪੈਸ਼ੇ ਤੋਂ ਇਤਿਹਾਸਕਾਰ ਹਨ। ਉਹਨਾਂ ਨੇ ਕਿਹਾ ਕਿ ਅਜੱ ਦੇ ਦੌਰ ਵਿਚੱ ਜਮਾਅਤੇ ਅਹਮਦੀਆ ਹਿੰਮਤ, ਇਰਾਦੇ ਅਤੇ ਕੋਸ਼ਿਸ਼ ਦਾ ਅਮਲੀ ਨਮੂਨਾ ਕਾਯਮ ਕੀਤੇ ਹੋਏ ਹੈ।

ਇਟਲੀ ਦੇ ਇਕੱ ਪਤੱਰਕਾਰ ਨੇ ਕਿਹਾ ਕਿ ਮੈਂ ਜਲਸਾ ਸਲਾਨਾ ਬਾਰੇ ਪੜ੍ਹਿਆ ਸੀ। ਪਰ ਜਲਸੇ ਵਿਚੱ ਸ਼ਾਮਿਲ ਹੋਣਾ ਇਕੱ ਵਖੱਰਾ ਹੀ ਅਨੁਭਵ ਸੀ। ਜਲਸੇ ਵਿਚੱ ਸਭ ਤੋਂ ਮਹਤੱਵਪੂਰਨ ਚੀਜ਼ ਜੋ ਮੈਂ ਵੇਖੀ ਉਹ ਨਮਾਜ਼ ਸੀ।

ਸੈਨੀਗਾਲ ਦੇ ਇਕੱ ਰੀਜਨ ਦੇ ਗਵਰਨਰ ਕਹਿੰਦੇ ਹਨ ਕਿ ਮੈਂ ਅਜਿਹੀ ਆਪਸੀ ਪਿਆਰ ਦੀ ਕੋਈ ਦੂਜੀ ਮਿਸਾਲ ਨਹੀਂ ਵੇਖੀ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਨੇ ਮੇਰੇ ਉੱਤੇ ਬਹੁਤ ਪ੍ਰਭਾਵ ਪਾਇਆ। ਜਲਸੇ ਵਿਚੱ ਹਰ ਵਿਅਕਤੀ ਦੂਜੇ ਨੂੰ ਆਪਣੇ ਉੱਤੇ ਪਹਿਲ ਦਿੰਦਾ ਹੈ।

ਕੋਲੰਬੀਆ ਦੇ ਇਕੱ ਮਹਿਮਾਨ ਕਹਿੰਦੇ ਹਨ ਕਿ ਮੈਂ ਇੱਥੇ ਦਾ ਅਮਨ ਭਰਪੂਰ ਮਾਹੌਲ, ਭਾਈਚਾਰਾ, ਪ੍ਰੇਮ, ਖ਼ਲੀਫ਼ਾ ਦੇ ਗਿਆਨ ਭਰਪੂਰ ਖ਼ਿਤਾਬ ਅਤੇ ਅਹਮਦੀਆਂ ਨੂੰ ਵੇਖ ਕੇ ਬਹੁਤ ਪ੍ਰਭਾਵੀ ਹੋਇਆ।

ਚਿੱਲੀ ਤੋਂ ਤਿੰਨ ਵਿਅਕਤੀ ਆਏ ਸਨ। ਇਹ ਇਕੱ ਈਸਾਈ ਸਮੁਦਾਏ ਦੇ ਨੁਮਾਇੰਦੇ ਸਨ। ਉਹਨਾਂ ਵਿੱਚੋਂ ਇਕੱ ਸਾਹਿਬ ਨੇ ਕਿਹਾ ਕਿ ਆਪ ਦੀ ਜਮਾਅਤ ਇਕੱ ਸ਼ਰੀਰ ਵਾਂਗ ਹੈ। ਖ਼ਲੀਫ਼ਾ ਉਸ ਸ਼ਰੀਰ ਦਾ ਸਰ ਅਤੇ ਦਿਮਾਗ਼ ਹੈ ਅਤੇ ਬਾਕੀ ਜਮਾਅਤ ਇਕੱ ਸ਼ਰੀਰ ਦੇ ਅੰਗਾਂ ਵਾਂਗ ਜੋ ਦਿਮਾਗ਼ ਦੇ ਸਿਗਨਲ ਅਤੇ ਇਸ਼ਾਰੀਆਂ ਹੇਠਾਂ ਹਰਕਤ ਕਰ ਰਹੇ ਹਨ।

ਸਪੈਨ ਤੋਂ ਇਕੱ ਦੋਸਤ, ਜੋ ਪ੍ਰਚਾਰ ਹੇਠਾਂ ਹਨ, ਕਹਿੰਦੇ ਹਨ ਕਿ ਇਸ ਜਲਸੇ ਵਿਚੱ ਮੇਰੇ ਨਾਲ ਬਾਦਸ਼ਾਹਾਂ ਤੋਂ ਵਧੱ ਕੇ ਵਿਵਹਾਰ ਕੀਤਾ ਗਿਆ। ਅਹਮਦੀ ਸੇਵਾਦਾਰਾਂ ਦਾ 40 ਹਜ਼ਾਰ ਤੋਂ ਵਧੱ ਮਹਿਮਾਨਾਂ ਦੀ ਅਣਥਕੱ ਸੇਵਾ ਕਰਨਾ ਇਕੱ ਚਮਤਕਾਰ ਹੈ। ਇਸ ਜਲਸੇ ਰਾਹੀਂ ਮੈਂ ਰਬੱ ਨਾਲ ਜੁੜਿਆ ਹਾਂ।

ਕੇਨੈਡਾ ਤੋਂ ਇਕੱ ਮੈਂਬਰ ਪਾਰਲੀਮਿੰਟ ਕਹਿੰਦੇ ਹਨ ਕਿ ਜਲਸੇ ਵਿਚੱ ਆਉਣਾ ਮੇਰੇ ਲਈ ਇਕੱ ਸ਼ਾਨਦਾਰ ਗਲੱ ਸੀ। ਇਸ ਜਲਸੇ ਤੋਂ ਆਪਣੇ ਧਰਮ ਨਾਲ ਵਫ਼ਾਦਾਰੀ ਅਤੇ ਸੇਵਾ ਭਾਵ ਨਾਲ ਕੰਮ ਕਰਨ ਦਾ ਸਬਕ ਮਿਲਦਾ ਹੈ।

ਤੁਰਕੀ ਤੋਂ ਪਰਿੰਟਿੰਗ ਪ੍ਰੈਸ ਦੇ ਕੁਝੱ ਮਾਲਕਾਨ ਆਏ ਹੋਏ ਸਨ। ਉਹਨਾਂ ਵਿੱਚੋਂ ਇਕੱ ਡਾਇਰੈਕਟਰ ਕਹਿੰਦੇ ਹਨ ਕਿ ਅਜਿਹੇ ਵੱਡੇ ਇਕਠੱ ਦਾ ਜਿਸ ਖ਼ੁਬੀ ਨਾਲ ਆਪ ਲੋਕਾਂ ਨੇ ਪ੍ਰਬੰਧ ਕੀਤਾ। ਉਹ ਮੈਨੂੰ ਹੈਰਾਨ ਕਰਨ ਵਾਲਾ ਹੈ। ਕਹਿੰਦੇ ਹਨ ਕਿ ਇਕੱ ਹੋਰ ਗਲੱ ਜਿਸ ਨੇ ਮੈਨੂੰ ਹੈਰਾਨ ਕੀਤਾ ਹੈ। ਉਹ ਇਹ ਕਿ ਮੈਂ ਕਿਸੇ ਨੂੰ ਸਿਗਰਟ ਪੀਂਦੇ ਨਹੀਂ ਵੇਖੀਆ।

ਲਟੋਯਾ ਤੋਂ ਆਉਣ ਵਾਲੀ ਇਕੱ ਸਮਾਜਿਕ ਔਰਤ ਕਹਿੰਦੀ ਹਨ ਕਿ ਇਸ ਜਲਸੇ ਤੋਂ ਮੈਨੂੰ ਇਸਲਾਮ ਬਾਰੇ ਜਾਣਨ ਦਾ ਮੌਕਾ ਮਿਲਿਆ। ਮੈਂ ਵਾਪਸ ਜਾ ਕੇ ਕੁਰਆਨ ਦਾ ਅਧਿਅਨ ਕਰਾਂਗੀ ਅਤੇ ਆਪਣੇ ਗਿਆਨ ਨੂੰ ਵਧਾਉਣ ਦੀ ਕੋਸ਼ਿਸ਼ ਕਰਾਂਗੀ।

ਟੈਲੀਵਿਜ਼ਨ ਉੱਤੇ ਜਲਸਾ ਵੇਖਣ ਵਾਲਿਆਂ ਦੇ ਵੀ ਕੁਝੱ ਵਿਚਾਰ ਹਨ।

ਕਾਂਗੋ ਬਰਾਜ਼ੀਲ ਤੋਂ ਸਾਡੇ ਮੁਬਲਿਗ਼ ਸਾਹਿਬ ਨੇ ਲਿਖਿੱਆ ਕਿ ਇਕੱ ਈਸਾਈ ਦੋਸਤ ਨੂੰ ਜਲਸੇ ਲਈ ਸਦਿੱਆ ਗਿਆ। ਅੰਤਿਮ ਖ਼ਿਤਾਬ ਸੁਣਨ ਮਗਰੋਂ ਉਹ ਕਹਿਣ ਲੱਗੇ ਕਿ ਜੇਕਰ ਸੰਸਾਰ ਦੀ ਹਰ ਹਕੁਮਤ ਇਸ ਸਿਖਿੱਆ ਉੱਤੇ ਅਮਲ ਕਰਨ ਲੱਗੇ ਤਾਂ ਸੰਸਾਰ ਤੋਂ ਗਰੀਬੀ ਜੇਕਰ ਖ਼ਤਮ ਨ ਵੀ ਹੋਵੇ ਤਾਂ ਘੱਟੋ ਘਟੱ ਸੰਸਾਰ ਵਿਚੱ ਕੋਈ ਵਿਅਕਤੀ ਵੀ ਰਾਤ ਨੂੰ ਭੁੱਖਾ ਨ ਸੋਏ। ਜਿਵੇਂ ਇਸਲਾਮ ਦੇ ਖ਼ਲੀਫ਼ਾ ਨੂੰ

ਆਪਣੇ ਲੋਕਾਂ ਦਾ ਖ਼ਿਆਲ ਸੀ। ਜੇਕਰ ਸਾਡੇ ਆਗੂ ਵੀ ਅਜਿਹਾ ਖ਼ਿਆਲ ਕਰਨ ਲਗੱ ਜਾਣ ਤਾਂ ਸਾਡਾ ਸੰਸਾਰ ਸਵਰਗ ਬਣ ਜਾਵੇ।

ਆਇਸਲੈਂਡ ਤੋਂ ਇਕੱ ਵਿਸ਼ਵ ਸ਼ਾਂਤੀ ਦੇ ਮਿਸ਼ਨਰੀ ਕਹਿੰਦੇ ਹਨ : ਸਾਰੇ ਵਿਅਕਤੀ ਜਿਨਾਂ ਨੂੰ ਮੈਂ ਮਿਲਿਆ। ਉਹ ਸਭ ਨਰਮ ਦਿਲ, ਸਦਾ ਸੇਵਾ ਲਈ ਤਿਆਰ ਅਤੇ ਮਹਿਮਾਨਾਂ ਦਾ ਧਿਆਨ ਰਖੱਣ ਵਾਲੇ ਹਨ। ਵਿਸ਼ਰਾਮ ਘਰ ਦਾ ਪ੍ਰਬੰਧ ਬਹੁਤ ਚੰਗਾ ਸੀ।

ਹੈਟੀ ਦੇ ਜੋਡਿਸ਼ਰੀ ਪੁਲਿਸ ਦੇ ਨੁਮਾਇੰਦੇ ਹਨ। ਉਨ੍ਹਾਂ ਨੇ ਕਿਹਾ ਕਿ ਅਹਮਦੀਆ ਮੁਸਲਿਮ ਜਮਾਅਤ ਦੇ ਜਲਸੇ ਵਿਚੱ ਸ਼ਾਮਿਲ ਹੋ ਕੇ ਇਕੱ ਈਸਾਈ ਹੋਣ ਦੇ ਬਾਦ ਵੀ ਮੈਨੂੰ ਧਰਮ ਬਾਰੇ ਬਹੁਤ ਕੁਝੱ ਜਾਣਨ ਦਾ ਮੌਕਾ ਮਿਲਿਆ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇੰਞ ਰਬੱ ਦੀ ਮਿਹਰ ਨਾਲ ਬਹੁਤ ਸਾਰੇ ਕਿੱਸੇ, ਵਿਚਾਰ ਅਤੇ ਖ਼ਿਆਲ ਪ੍ਰਾਪਤ ਹੋਏ ਹਨ। ਰਬੱ ਕਰੇ ਕਿ ਇਸ ਜਲਸੇ ਦੇ ਅਜਿਹੇ ਨਤੀਜੇ ਹੋਣ, ਜੋ ਅਹਮਦੀਆਂ ਦੇ ਜੀਵਨ ਨੂੰ ਸਦਾ ਲਈ ਰਬੱ ਨਾਲ ਜੋੜ੍ਹਣ ਵਾਲੇ ਹੋਣ। ਵਿਸ਼ਵਾਸ ਅਤੇ ਈਮਾਨ ਵਿਚੱ ਵਾਧਾ ਹੋਵੇ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਉਣ ਦੇ ਉਦੇਸ਼ ਨੂੰ ਪੂਰਾ ਕਰਨ ਵਾਲੇ ਹੋਣ।

ਇੰਞ ਹੀ ਗ਼ੈਰਾਂ ਉੱਤੇ ਵੀ ਇਸ ਦੇ ਅਜਿਹੇ ਪ੍ਰਭਾਵ ਹੋਣ, ਜੋ ਕੇਵਲ ਕੁਝੱ ਸਮੇਂ ਲਈ ਨ ਹੋਣ। ਸਗੋਂ ਨਿਰੰਤਰ ਉਹਨਾਂ ਦੀਆਂ ਅੱਖਾਂ ਖੋਲ੍ਹਣ ਵਾਲੇ ਹੋਣ।

ਮੀਡੀਆ ਰਾਹੀਂ ਵੀ ਜਲਸੇ ਦੀ ਕਾਰਵਾਈ ਵੇਖੀ ਅਤੇ ਸੁਣੀ ਗਈ। ਅਫ਼ਰੀਕਾ ਵਿਚੱ 24 ਟੀ.ਵੀ ਚੈਨਲਜ਼ ਨੇ ਮੇਰੇ ਸੰਪੂਰਨ ਖ਼ਿਤਾਬ ਵਿਖਾਏ ਅਤੇ ਇੰਞ 40 ਮਿਲਿਅਨ ਤੋਂ ਵਧੱ ਲੋਕਾਂ ਨੇ ਉਹਨਾਂ ਖ਼ਿਤਾਬਾਂ ਨੂੰ ਸੁਣਿਆ।

ਪਤੱਰਕਾਰਾਂ ਲਈ ਮੀਡੀਆ ਸੈਂਟਰ ਬਣਾਏ ਗਏ ਸਨ। ਜਿੱਥੇ 23 ਮੀਡੀਆ ਵਾਲਿਆ ਅਤੇ ਪਤੱਰਕਾਰਾਂ ਨੇ ਜਲਸਾ ਸੁਣਿਆ ਅਤੇ ਇੰਞ ਉਹ ਪ੍ਰਤੀ ਦਿਨ ਰਿਪੋਰਟ ਤਿਆਰ ਕਰਦੇ ਰਹੇ।

ਸਮੂਹਿਕ ਰੂਪ ਉੱਤੇ 72 ਮੀਡੀਆ ਰਿਪੋਰਟਸ ਤਿਆਰ ਕੀਤੀਆ ਗਈਆਂ। ਜੋ 50 ਮਿਲਿਅਨ ਲੋਕਾਂ ਤਕੱ ਪਹੁੰਚੀਆਂ। 41 ਵੈਬ ਸਾਇੰਸ ਉੱਤੇ ਖ਼ਬਰਾਂ ਆਇਆ। ਜਲਸੇ ਬਾਰੇ 15 ਲੇਖ ਅਖ਼ਬਾਰਾਂ ਵਿਚੱ ਪ੍ਰਕਾਸ਼ਿਤ ਹੋਏ। ਵੱਖੋ ਵਖੱ ਟੀ.ਵੀ ਚੈਨਲਜ਼ ਉੱਤੇ 14 ਖ਼ਬਰਾਂ ਆਇਆਂ। ਰੇਡੀਓ ਸੈਂਟਰਜ਼ ਉੱਤੇ 37 ਖ਼ਬਰਾਂ ਆਇਆਂ।

ਰਬੱ ਨੇ ਹਰ ਪ੍ਰਕਾਰ ਨਾਲ ਇਸ ਜਲਸੇ ਨੂੰ ਬਰਕਤਾਂ ਵਾਲਾ ਬਣਾ ਦਿੱਤਾ। ਰਬੱ ਸਦਾ ਸਾਨੂੰ ਨਿਮਰਤਾ ਅਤੇ ਧੰਨਵਾਦੀ ਵਿਅਕਤੀ ਬਣਦੇ ਹੋਏ ਆਪਣੀ ਪੜ੍ਹਚੋਲ ਕਰਨ ਵਾਲਾ ਬਣਾਏ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ
رَحِمَکُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔